**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ ਕੰਪਲੈਕਸ**
**ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ-8, ਸਅਸ ਨਗਰ**
**(ਸਪੋਰਟਸ ਸਾਖਾ)**

ਵੱਲ:

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ)
ਪੰਜਾਬ।
ਸਮੂਹ ਸਕੂਲ ਮੁੱਖੀ,
ਸਰਕਾਰੀ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ ਪੰਜਾਬ।

ਈ ਫਾਈਲ ਨੰ: 204784
ਮਿਤੀ 25-03-2022

ਵਿਸ਼ਾ:- ਸਮੱਗਰਾ ਸਿੱਖਿਆ ਅਭਿਆਨ ਤੋਂ ਸਪੋਰਟਸ ਅਤੇ ਫਿਜੀਕਲ ਐਜੂਕੇਸਨ ਸਾਲ 2021-22 ਅਧੀਨ ਪ੍ਰਾਪਤ ਗ੍ਰਾਂਟ ਦੀ ਵਰਤੋਂ ਕਰਨ ਸਬੰਧੀ ਦਿਸ਼ਾ ਨਿਰਦੇਸ਼।

ਉਪਰੋਕਤ ਵਿਸੇ ਦੇ ਸਬੰਧ ਵਿੱਚ ਸਮੱਗਰਾ ਸਿੱਖਿਆ ਸਾਲ 2021-22 ਤਹਿਤ ਭਾਰਤ ਸਰਕਾਰ ਵਲੋਂ ਸਪੋਰਟਸ ਅਤੇ ਫਿਜੀਕਲ ਐਜੂਕੇਸ਼ਨ ਲਈ ਸਮੂਹ ਸਰਕਾਰੀ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਨੂੰ 25,000/- ਰੁਪਏ ਪ੍ਰਤੀ ਸਕੂਲ ਦੀ ਦਰ ਨਾਲ ਰਾਸ਼ੀ ਮੰਨਜੂਰ ਕੀਤੀ ਗਈ ਹੈ ਜੋਕਿ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਐ.ਸਿ.) ਦੇ ਦਫਤਰੀ ਅਕਾਊਂਟ ਵਿੱਚ ਮੁੱਖ ਦਫਤਰ ਸਰਵ ਸਿੱਖਿਆ ਅਭਿਆਨ, ਪੰਜਾਬ, ਐਸ.ਏ.ਐਸ. ਨਗਰ ਵੱਲੋਂ ਟ੍ਰਾਂਸਫਰ ਕਰ ਦਿੱਤੀ ਗਈ ਹੈ। ਇਸ ਲਈ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਐ.ਸਿ.) ਨਾਲ ਤਾਲਮੇਲ ਕੀਤਾ ਜਾਵੇ।

ਉਕਤ ਰਾਸ਼ੀ ਨੂੰ ਖਰਚ ਕਰਨ ਲਈ ਇਨ੍ਹਾਂ ਫੰਡਜ ਨਾਲ ਹਰੇਕ ਸਕੂਲ ਵੱਲੋਂ ਖੇਡ ਮੈਦਾਨ ਤਿਆਰ ਕਰਨ ਅਤੇ ਖੇਡ ਨਾਲ ਸਬੰਧਤ ਸਮਾਨ ਖਰੀਦ ਕਰਨ ਸਮੇਂ ਹੇਠ ਲਿਖੇ ਨਿਯਮਾਂ ਦਾ ਪਾਲਣ ਕਰਨਾ ਲਾਜਮੀ ਹੋਵੇਗਾ:-

(ੳ) ਸਕੂਲ ਵੱਲੋਂ ਤਿੰਨ ਮੈਂਬਰੀ ਖਰੀਦ ਕਮੇਟੀ ਦਾ ਗਠਨ ਕੀਤਾ ਜਾਵੇਗਾ। ਜਿਸ ਸਕੂਲ ਵਿੱਚ ਸਪੋਰਟਸ ਦਾ ਸਬੰਧਤ ਅਧਿਆਪਕ ਕੰਮ ਕਰ ਰਿਹਾ ਹੈ, ਉਸ ਨੂੰ ਕਮੇਟੀ ਵਿੱਚ ਮੈਂਬਰ ਸ਼ਾਮਿਲ ਕਰਨਾ ਯਕੀਨੀ ਬਣਾਇਆ ਜਾਵੇ।

(ਅ) ਸਾਰਾ ਖਰਚਾ ਸਕੂਲ ਮੈਨੇਜਮੈਂਟ ਕਮੇਟੀ ਵੱਲੋਂ ਸਮੱਗਰਾ ਸਿੱਖਿਆ ਦੇ ਵਿੱਤੀ ਨਿਯਮਾਂ ਅਨੁਸਾਰ ਕੀਤਾ ਜਾਵੇ।

(ੲ) **ਖੇਡ ਮੈਦਾਨ ਵਿਕਸਿਤ ਕਰਨ ਲਈ ਲੋੜੀਂਦਾ ਸਮਾਨ ਖਰੀਦਣ ਲਈ ਸਬੰਧਤ ਸਕੂਲ ਮੁੱਖੀ ਦਫਤਰੀ ਰਿਕਾਰਡ ਵਿੱਚ ਇਸ ਸਬੰਧੀ ਮਤਾ ਪਾ ਕੇ ਸਕੂਲ ਲਈ ਖੇਡਾਂ ਸਬੰਧੀ ਲੋੜੀਂਦਾ ਸਮਾਨ ਖਰੀਦ ਸਕਦਾ ਹੈ।**

(ਸ) ਸਮਾਨ ਖਰੀਦ ਕਰਨ ਉਪਰੰਤ ਖਰੀਦ ਕੀਤੇ ਗਏ ਸਮਾਨ ਦਾ ਇੰਦਰਾਜ ਸਕੂਲ ਦੇ ਸਟਾਕ ਰਜਿਸਟਰ ਵਿੱਚ ਕੀਤਾ ਜਾਵੇ, ਉਸ ਉਪਰੰਤ ਕ੍ਰਮਵਾਰ ਵਰਤੋਂ ਵੀ ਦਰਸਾਈ ਜਾਵੇ। ਖਰੀਦ ਕਰਨ ਉਪਰੰਤ ਖਰੀਦੇ ਗਏ ਸਮਾਨ ਦਾ ਵਰਤੋਂ ਸਰਟੀਫਿਕੇਟ ਸਕੂਲ ਮੁੱਖੀ ਵੱਲੋਂ ਇੱਕ ਮਹੀਨੇ ਦੇ ਅੰਦਰ-ਅੰਦਰ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈਸਿ) ਨੂੰ ਪੁੱਜਦੇ ਕਰਨੇ ਯਕੀਨੀ ਬਣਾਏ ਜਾਣ।

(ਹ) ਖੇਡ ਮੈਦਾਨ ਵਿਕਸਿਤ ਕਰਨ ਵੇਲੇ ਬੱਚਿਆਂ ਦੀ ਉਮਰ, ਲਿੰਗ (ਲੜਕੇ/ਲੜਕੀਆਂ ਦੀ ਵਰਤੋਂ ਵਿੱਚ ਆਉਣ ਵਾਲੇ) ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ।

(ਕ) ਖੇਡ ਮੈਦਾਨ ਵਿਕਸਿਤ ਕਰਨ, ਲੋੜੀਂਦੀ ਖਰੀਦ ਬੱਚਿਆਂ ਦੀ ਗਿਣਤੀ ਅਨੁਸਾਰ ਹੀ ਕੀਤੀ ਜਾਵੇ।

(ਖ) ਪਿਛਲੇ ਸਾਲਾਂ ਦੌਰਾਨ ਵਿਭਾਗ ਦੇ ਧਿਆਨ ਵਿੱਚ ਆਇਆ ਹੈ ਕਿ ਬਹੁਤ ਸਾਰੇ ਸਕੂਲ ਮੁੱਖੀਆਂ ਵੱਲੋਂ ਇੱਕੋ ਦੁਕਾਨ ਤੋਂ ਹੀ ਬਿਨਾਂ ਕੁਟੇਸਨਾਂ ਲਏ ਅਤੇ ਬਿਨਾਂ ਵਿੱਤੀ ਨਿਯਮਾਂ ਦਾ ਪਾਲਣ ਕੀਤੇ ਖੇਡ ਸਮਾਨ ਦੀ ਖਰੀਦ ਕੀਤੀ ਗਈ ਹੈ। ਜੇਕਰ ਕੋਈ ਸਕੂਲ ਮੁੱਖੀ ਨਿਯਮਾਂ ਅਨੁਸਾਰ ਸਮਾਨ ਦੀ ਖਰੀਦ ਨਹੀ ਕਰੇਗਾ ਤਾਂ ਉਸ ਤੇ ਵਿਭਾਗੀ ਕਾਰਵਾਈ ਕੀਤੀ ਜਾਵੇਗੀ। ਵਿਭਾਗ ਦੀਆਂ ਟੀਮਾਂ ਉਕਤ ਖਰੀਦ ਦੀ ਮਾਨੀਟਰਿੰਗ ਕਰਨਗੀਆਂ।

ਉਪਰੋਕਤ ਅਨੁਸਾਰ ਸਮੱਗਰਾ ਸਿੱਖਿਆ ਅਭਿਆਨ ਵੱਲੋਂ ਸਪੋਰਟਸ਼ ਅਤੇ ਫਿਜੀਕਲ ਐਜੂਕੇਸਨ ਅਧੀਨ ਜਾਰੀ ਗ੍ਰਾਂਟ ਨੂੰ ਉਕਤ ਦਿਸਾ ਨਿਰਦੇਸਾਂ ਅਨੁਸਾਰ ਖਰਚ ਕਰਨਾ ਯਕੀਨੀ ਬਣਾਇਆ ਜਾਵੇ।

ਡਿਪਟੀ ਡਾਇਰੈਕਟਰ (ਫਿਜੀਕਲ ਐਜੂਕੇਸਨ)

ਪਿੱਠ ਅੰਕਣ ਨੰ:/ਉਕਤ

ਮਿਤੀ 25-03-2022

ਉਪਰੋਕਤ ਦਾ ਉਤਾਰਾ ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ.) ਪੰਜਾਬ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਿਪਟੀ ਡਾਇਰੈਕਟਰ (ਫਿਜੀਕਲ ਐਜੂਕੇਸਨ)